# ਦਫਤਰ ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਮੈਜਿਸਟਰੇਟ, ਫਿਰੋਜਪੁਰ

(ਫੁਟਕਲ ਸ਼ਾਖਾ)

ਹੁਕਮ- ਨੰ.:- 395

ਕੋਵਿਡ-19 (ਕਰੋਨਾ) ਵਾਇਰਸ ਵੱਲੋਂ ਪੂਰੇ ਵਿਸ਼ਵ ਵਿੱਚ ਦਹਿਸ਼ਤ ਫੈਲਾਈ ਹੈ। ਜਿਸ ਨੂੰ ਸਰਕਾਰ ਵੱਲੋਂ ਵੀ ਮਹਾਂਮਾਰੀ ਬਿਮਾਰੀ ਘੋਸ਼ਿਤ ਕੀਤਾ ਜਾ ਚੁੱਕਾ ਹੈ ਅਤੇ ਇਸ ਨੇ ਆਪਣੇ ਪੈਰ ਭਾਰਤ ਵਿੱਚ ਵੀ ਪਸਾਰਨੇ ਸ਼ੁਰੂ ਕਰ ਦਿੱਤੇ ਹਨ। ਜਿਸ ਦੀ ਰੋਕਥਾਮ ਕਰਨੀ ਬਹੁਤ ਜਰੂਰੀ ਹੋ ਚੁੱਕੀ ਹੈ।

ਇਸ ਸਬੰਧੀ ਇਸ ਦਫਤਰ ਦੇ ਹੁਕਮ ਨੰ. 370 ਮਿਤੀ 23.03.2020 ਰਾਹੀਂ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਕਰਫਿਊ ਲਾਗੂ ਕਰਨ ਸਬੰਧੀ ਹੁਕਮ ਜਾਰੀ ਕੀਤੇ ਗਏ ਸਨ ਪਰੰਤੂ ਆਮ ਲੋਕਾਂ ਦੀਆਂ ਰੋਜਾਨਾ ਦੀਆਂ ਜਰੂਰਤਾਂ ਨੂੰ ਮੁੱਖ ਰੱਖਦੇ ਹੋਏ ਖਾਦ ਪਦਾਰਥ ਤਿਆਰ ਕਰਨ ਵਾਲੇ ਯੂਨਿਟ/ਫੈਕਟਰੀਆਂ/ਬੇਕਰੀਜ਼ ਨੂੰ ਇਸ ਦਫਤਰ ਦੇ ਹੁਕਮ ਨੰ 387 ਮਿਤੀ 27.03.2020 ਰਾਹੀਂ ਛੋਟ ਦਿੱਤੀ ਗਈ ਸੀ। ਇਹਨਾਂ ਹੁਕਮਾਂ ਦੀ ਲਗਾਤਾਰਤਾ ਵਿੱਚ ਅੰਸ਼ਿਕ ਸੋਧ ਕਰਦੇ ਹੋਏ ਇਹ ਛੋਟ ਇਸ ਸ਼ਰਤ ਤੇ ਦਿੱਤੀ ਜਾਂਦੀ ਹੈ ਕਿ ਫੈਕਟਰੀ/ਯੂਨਿਟ ਮਾਲਕ ਉਹਨਾਂ ਦੇ ਫੈਕਟਰੀ/ਯੂਨਿਟ ਵਿੱਚ ਕੰਮ ਕਰਦੇ ਵਰਕਰਜ਼ ਦੇ ਰਹਿਣ, ਖਾਣ-ਪੀਣ ਅਤੇ ਸੌਣ ਦਾ ਫ੍ਰੀ ਆਫ ਕਾਸਟ ਪ੍ਰਬੰਧ ਆਪਣੀ ਫੈਕਟਰੀ ਦੇ ਅੰਦਰ ਹੀ ਕਰਨਗੇ ਤਾਂ ਜੋ ਵਰਕਜ਼ ਦਾ ਕਰੋਨਾ ਵਾਇਰਸ ਤੋਂ ਬਚਾਅ ਹੋ ਸਕੇ। ਇਹਨਾਂ ਵਰਕਜ ਨੂੰ ਫੈਕਟਰੀ ਵਿੱਚ ਜਾਣ ਲਈ ਸਿਰਫ ਇੱਕ ਵਾਰ ਹੀ ਪਾਸ ਦਿੱਤਾ ਜਾਵੇਗਾ।

ਜ਼ਿਲ੍ਹਾ ਮੈਜਿਸਟਰੇਟ
ਫਿਰੋਜ਼ਪੁਰ

ਪਿੱਠ ਅੰਕਣ ਨੰ. ਫਸ/2020/ ਮਿਤੀ:

ਇਸ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ: -

1. ਕਮਿਸ਼ਨਰ, ਫਿਰੋਜ਼ਪੁਰ ਮੰਡਲ, ਫਿਰੋਜ਼ਪੁਰ
2. ਸੀਨੀਅਰ ਪੁਲਿਸ ਕਪਤਾਨ, ਫਿਰੋਜ਼ਪੁਰ
3. ਸਮੂਹ ਉਪ ਮੰਡਲ ਮੈਜਿਸਟਰੇਟ, ਜ਼ਿਲ੍ਹਾ ਫਿਰੋਜ਼ਪੁਰ
4. ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਫਿਰੋਜ਼ਪੁਰ
5. ਜ਼ਿਲ੍ਹਾ ਖੁਰਾਕ ਅਤੇ ਸਪਲਾਈ ਕੰਟਰੋਲਰ, ਫਿਰੋਜ਼ਪੁਰ
6. ਡਿਪਟੀ ਡਾਇਰੈਕਟਰ, ਡੇਅਰੀ, ਫਿਰੋਜ਼ਪੁਰ
7. ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਿਰੋਜ਼ਪੁਰ
8. ਸਮੂਹ ਤਹਿਸੀਲਦਾਰ/ਨਾਇਬ ਤਹਿਸੀਲਦਾਰ, ਜ਼ਿਲ੍ਹਾ ਫਿਰੋਜ਼ਪੁਰ
9. ਸੁਪਰਡੰਟ ਗਰੇਡ-1, ਪੀ.ਏ ਟੂ ਡੀ.ਸੀ., ਸਟੈਨੋ ਟੂ ਏ.ਡੀ.ਸੀ., ਸਟੈਨੋ ਟੂ ਏ.ਸੀ.(ਜ), ਸਟੈਨੋ ਟੂ ਏ.ਸੀ. (ਸ਼ਿ.)

—ਸਹੀ—
ਜ਼ਿਲ੍ਹਾ ਮੈਜਿਸਟਰੇਟ
ਫਿਰੋਜ਼ਪੁਰ

Scanned with CamScanner